EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

**Prof. M.L. Arora**
Patron
M.: 98142-54094

**Vinod Kumar Khurana**
State President
M.: 98156-21788
e-mail: sudeshvatika@yahoo.com

**Mohinder Singh 'Bhola'**
State Gen. Secretary
M.: 98554-23081
e-mail: mohindersinghpks@gmail.com

Ref No. PUSA/GEN/2021/21

Date: 23-07-2021

ਸੇਵਾ ਵਿਖੇ

ਮਾਨਯੋਗ ਅਡੀਸ਼ਨਲ ਚੀਫ ਸੈਕਟਰੀ (ਹੋਮ)
ਘਰੇਲੂ ਮਾਮਲੇ ਅਤੇ ਨਿਆਂ ਵਿਭਾਗ
( ਬ੍ਰਾਂਚ -4 ਹੋਮ ),ਚੰਡੀਗੜ੍ਹ।

**ਵਿਸ਼ਾ : ਸਕੂਲ ਖੁਲਣ ਬਾਰੇ ਕੁਝ ਸੰਕਾਵਾਂ ਦੇ ਸਮਾਧਾਨ ਬਾਰੇ।**

ਸ੍ਰੀ ਮਾਨ ਜੀਓ ,

ਬੇਨਤੀ ਹੈ ਕਿ ਪੰਜਾਬ ਸਰਕਾਰ ਵੱਲੋਂ ਜੋ ਸਕੂਲ ਖੋਲ੍ਹਣ ਦਾ ਨਿਰਣਾ ਲਿਆ ਗਿਆ ਹੈ ਅਸੀਂ ਉਸ ਪ੍ਰਤੀ ਸਰਕਾਰ ਦਾ ਧੰਨਵਾਦ ਕਰਦੇ ਹਾਂ| ਪ੍ਰੰਤੂ ਜੋ ਸਰਕਾਰ ਵੱਲੋਂ ਅਤੇ ਆਪ ਜੀ ਵੱਲੋਂ ਗਾਈਡ ਲਾਈਨਜ ( ਹਦਾਇਤਾਂ ) ਜਾਰੀ ਕੀਤੀਆਂ ਗਈਆਂ ਹਨ ਉਨ੍ਹਾਂ ਪ੍ਰਤੀ ਕੁਝ ਸ਼ੰਕਾਵਾਂ ਹਨ ਜਿਨ੍ਹਾਂ ਦਾ ਸਮਾਧਾਨ ਕੀਤਾ ਜਾਵੇ ਜੀ |

(1) ਜਿਵੇਂ ਕਿ ਪੱਤਰ ਨੰ 7/56/2020/244/4012 ਮਿਤੀ 20-07-2021 ਦੇ ਪੈਰਾਂ (d) ਦੇ 1 ਨੰ . ਵਿੱਚ ਲਿਖਿਆ ਹੈ ਕਿ ਸਿਰਫ ਉਹਨਾਂ ਅਧਿਆਪਕਾਂ ਅਤੇ ਸਟਾਫ ਨੂੰ ਸਕੂਲ ਹਾਜਰੀ ਦੀ ਇਜ਼ਾਜਤ ਹੋਵੇਗੀ ਜਿਹੜੇ ਫੁੱਲੀ ਵੈਕਸੀਨੇਟਡ ਹੋਣਗੇ | ਸਾਡੀ ਬੇਨਤੀ ਹੈ ਕਿ ਵੈਕਸੀਨੇਸ਼ਨ ਦੀ ਘਾਟ ਕਾਰਨ ਵੈਕਸੀਨੇਸ਼ਨ ਦਾ ਕੰਮ ਬਹੁਤ ਧੀਮਾਂ ਚੱਲ ਰਿਹਾ ਹੈ |ਪਹਿਲੀ ਡੋਜ਼ ਤਾਂ ਬਹੁਤਿਆਂ ਦੇ ਲੱਗ ਚੁੱਕੀ ਹੈ ਪ੍ਰੰਤੂ ਦੂਜੀ ਡੋਜ਼ ਵਿੱਚ ਸਮਾਂ ਲੱਗਣਾ ਹੈ ਫਿਰ ਇਹ ਕਿਵੇਂ ਸੰਭਵ ਹੋਵੇਗਾ | ਕਿਰਪਾ ਕਰਕੇ ਇਸ ਵਿੱਚ ਛੋਟ ਦੇ ਕੇ ਇਨ੍ਹਾਂ ਨਿਯਮਾਂ ਨੂੰ ਨਰਮ ਕੀਤਾ ਜਾਵੇ ਜੀ |

(2) ਇਹ ਸਿਰਫ ਟੀਚਰਜ਼ ਅਤੇ ਨਾਨ ਟੀਚਿੰਗ ਸਟਾਫ ਤੇ ਹੀ ਆਇਦ ਕੀਤਾ ਜਾ ਰਿਹਾ ਹੈ |ਬੱਚਿਆਂ ਦੇ ਮਾਪੇ ਵੀ ਵੈਕਸੀਨੇਟਡ ਨਹੀਂ ਹਨ | ਬੱਚਿਆਂ ਨੇ ਸਕੂਲ ਵਿੱਚ 6 ਘੰਟੇ ਅਤੇ ਘਰ ਵਿੱਚ 18 ਘੰਟੇ ਬਿਤਾਉਣੇ ਹਨ ਪਰੰਤੂ ਇਹ ਹੁਕਮ ਸਿਰਫ ਸਕੂਲ ਸਟਾਫ ਤੇ ਹੀ ਲਾਗੂ ਹੈ | ਕਿਰਪਾ ਕਰਕੇ ਇਸ ਉੱਪਰ ਨਜ਼ਰਸਾਨੀ ਕੀਤੀ ਜਾਵੇ ਜੀ |

(3) ਇਹ ਕਿ ਬਹੁਤ ਸਾਰੇ ਸਟਾਫ ਮੈਂਬਰਾਂ ਨੂੰ ਕਰੋਨਾਂ ਹੋ ਕੇ ਉਹ ਠੀਕ ਹੋ ਚੁੱਕੇ ਹਨ ਉਨ੍ਹਾਂ ਵਿੱਚ ਐਂਟੀ ਬਾਡੀ ਬਣ ਚੁੱਕੀ ਹੈ ਹਾਰਡ ਇਮਿਊਂਟੀ ਬਣ ਗਈ ਹੈ | ਡਾਕਟਰਾਂ ਅਤੇ ਮਾਹਿਰਾਂ ਅਨੁਸਾਰ ਉਨ੍ਹਾਂ ਨੂੰ ਵੈਕਸੀਨ ਦੀ ਜਰੂਰਤ ਨਹੀਂ ਹੈ ਸੋ ਕਿਰਪਾ ਕਰਕੇ ਇਸ ਨੂੰ ਕਲੀਅਰ ਕੀਤਾ ਜਾਵੇ ਜੀ | ਇਹਨਾਂ ਹਦਾਇਤਾਂ ਵਿੱਚ ਉਪਰੋਕਤ ਵਿਸ਼ੇ ਨੂੰ ਵੀ ਵੀਚਾਰਿਆ ਜਾਵੇ ਜੀ |

EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

**Prof. M.L. Arora**
Patron
M.: 98142-54094

**Vinod Kumar Khurana**
State President
M.: 98156-21788
e-mail: sudeshvatika@yahoo.com

**Mohinder Singh 'Bhola'**
State Gen. Secretary
M.: 98554-23081
e-mail: mohindersinghpks@gmail.com

(4) ਇਹ ਕਿ ਲੇਡੀ ਸਟਾਫ ਵਿਚੋਂ ਜੋ ਪ੍ਰੈਗਨੈਂਸੀ ਵਿੱਚ ਹਨ, ਜਾਂ ਡਲਿਵਰੀ ਤੋਂ ਬਾਅਦ ਬੱਚੇ ਨੂੰ ਮਦਰ ਫੀਡ ਦਿੰਦੀਆਂ ਹਨ ਉਹ ਟੀਕਾ (ਡਾਕਟਰਾਂ ਦੇ ਅਨੁਸਾਰ) ਨਹੀਂ ਲਗਵਾ ਸਕਦੀਆਂ ਜਾਂ ਕੋਈ ਹੋਰ ਬਿਮਾਰੀ ਤੋਂ ਗ੍ਰਸਤ ਹਨ ਉਨ੍ਹਾਂ ਬਾਰੇ ਵੀ ਜਲਦੀ ਹੀ ਸਪਸ਼ਟਤਾ ਦਿੱਤੀ ਜਾਵੇ ਜੀ ਤਾਂ ਕੇ ਸਕੂਲ ਆਪ ਜੀ ਦੀਆਂ ਹਦਾਇਤਾਂ ਅਨੁਸਾਰ ਜਲਦੀ ਖੁੱਲ੍ਹ ਸਕਣ।

ਸਾਡੀ ਜਥੇਬੰਦੀ ਆਪ ਜੀ ਦੁਆਰਾ ਦਿੱਤੀਆਂ ਹਦਾਇਤਾਂ ਦੀ ਪਹਿਲਾਂ ਵੀ ਪੂਰੀ ਤਰ੍ਹਾਂ ਪਾਲਣਾ ਕਰਦੀ ਰਹੀ ਹੈ ਅਤੇ ਅੱਗੇ ਤੋਂ ਵੀ ਪੂਰੀ ਤਰ੍ਹਾਂ ਪਾਲਣਾ ਦਾ ਭਰੋਸਾ ਦਿਵਾਉਂਦੇ ਹਾਂ ਜੀ ਦੁਬਾਰਾ ਬੇਨਤੀ ਕਰਦੇ ਹਾਂ ਕਿ ਉੱਪਰ ਦਸੇ ਨੁਕਤਿਆਂ ਤੇ ਸੁਹਿਰਦਤਾ ਨਾਲ ਵਿਚਾਰ ਕੇ ਉਪਰੋਕਤ ਛੋਟਾਂ ਦਿੱਤੀਆਂ ਜਾਣ ਜੀ ਤਾਂ ਕਿ ਬੱਚਿਆਂ ਦੀ ਪੜ੍ਹਾਈ ਨਿਰਵਿਘਨ ਚੱਲ ਸਕੇ।

ਸਾਡੀ ਸਕੂਲ, ਵਿੱਦਿਆ ਅਤੇ ਵਿਦਿਆਰਥੀ ਹਿਤੈਸ਼ੀ ਐਸੋਸੀਏਸ਼ਨ ਆਪ ਜੀ ਦੀ ਅਤਿ ਆਭਾਰੀ ਰਹੇਗੀ।

ਆਪ ਜੀ ਦੇ ਸ਼ੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਨ - ਸੈਕਟਰੀ ਪੂਸਾ ਪੰਜਾਬ

**ਅਤੇ ਸੰਮੂਹ ਮੈਂਬਰ ਪ੍ਰਾਇਵੇਟ ਅਨਏਡਿਡ ਸਕੂਲਜ਼ ਐਸੋਸੀਏਸ਼ਨ (ਪੂਸਾ) ਪੰਜਾਬ (ਰਜਿ.)**

Regd. Office: Opp. Teachers' Home, Mahavir Dal Market, Bathinda- 151001(Punjab) INDIA
E-mail: pusapunjab@gmail.com